# ਸਿੰਘ ਸਾਹਿਬਾਨਾਂ ਨੇ ਨਵੰਬਰ '84 ਦੇ ਸਿੱਖ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਕਰਾਰ ਦਿੱਤਾ

☛ ਚਿੱਟੀ ਸਿੰਘ ਪੁਰਾ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਭਾਰਤ ਸਰਕਾਰ ਸਜ਼ਾ ਦੇਵੇ ☛ ਗੁਰਪਤਵੰਤ ਸਿੰਘ ਪੰਨੂੰ ਦੀਆਂ ਪੰਥਕ ਸੇਵਾਵਾਂ ਸ਼ਲਾਘਾਯੋਗ, ਸੰਗਤ ਸਹਿਯੋਗ ਦੇਵੇ ☛ ਅਮਰੀਕਾ ਦੇ ਰੋਚੈਸਟਰ ਦੇ ਪ੍ਰਬੰਧਕਾਂ ਵਲੋਂ ਅੰਮ੍ਰਿਤਧਾਰੀ ਸਿੱਖਾਂ ਦੇ ਦਾਖ਼ਲੇ 'ਤੇ ਲਾਈ ਪਾਬੰਦੀ ਵਿਰੁਧ ਕੀਤਾ ਸਖ਼ਤ ਰੁਖ਼ ਅਖ਼ਤਿਆਰ ☛ ਚੋਣ ਕਮਿਸ਼ਨ ਵਲੋਂ ਛਪਵਾਏ ਸ਼੍ਰੋਮਣੀ ਕਮੇਟੀ ਵੋਟਰ ਫ਼ਾਰਮਾਂ 'ਤੇ ਉਠ ਰਹੇ ਕਿੰਤੂ ਬਾਰੇ ਜਥੇਦਾਰਾਂ ਦਾ ਗੋਲਮੋਲ ਵਰਤਾਰਾ



ਅੰਮ੍ਰਿਤਸਰ-1984 ਤੋਂ ਬਾਅਦ, ਪਹਿਲੀ ਵਾਰੀ ਪੰਜਾਂ ਸਿੰਘ ਸਾਹਿਬਾਨਾਂ ਨੇ ਸਮੁੱਚੇ ਖ਼ਾਲਸਾ ਪੰਥ ਦੇ ਨਾਮ 'ਤੇ ਇਤਿਹਾਸਕ ਸੰਦੇਸ਼ ਜਾਰੀ ਕਰਕੇ ਨਵੰਬਰ, 1984 ਦੇ ਸਿੱਖ ਕਤਲੇਆਮ ਨੂੰ ਇਕ ਗਿਣੀ-ਮਿਥੀ ਸਾਜ਼ਿਸ਼ ਕਰਾਰ ਦਿੰਦਿਆਂ ਇਸ ਨੂੰ ਸਿੱਖਾਂ ਨੂੰ 'ਸਿੱਖ ਵਿਰੋਧੀ ਦੰਗੇ' ਕਹਿਣ ਦੀ ਬਜਾਏ ਸਿੱਖਾਂ ਦੀ ਨਸਲਕੁਸ਼ੀ ਕਹਿਣ ਦਾ ਆਦੇਸ਼ ਦਿੱਤਾ ਤੇ ਨਾਲ ਹੀ ਕੈਨੇਡਾ ਦੀ ਪਾਰਲੀਮੈਂਟ ਵਿਚ ਦਾਖ਼ਲ ਮਤੇ ਨੂੰ ਵੀ ਅਪਨਾ ਲਿਆ।

ਮੁੱਖ ਸੇਵਾਦਾਰਾਂ ਦੀ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ 18 ਰਾਜਾਂ ਤੇ 110 ਸ਼ਹਿਰਾਂ ਵਿਚ ਜਿਸ ਤਰ੍ਹਾਂ ਗਿਣੀ ਮਿਥੀ ਸਾਜ਼ਿਸ਼ ਤਹਿਤ ਸਿੱਖਾਂ ਨੂੰ ਕਤਲ ਕੀਤਾ ਗਿਆ, ਉਹ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਡਾ ਘਾਣ ਹੈ। ਉਨ੍ਹਾਂ ਸਮੁੱਚੇ ਖ਼ਾਲਸਾ ਪੰਥ ਨੂੰ ਇਸ ਵਰਤਾਰੇ ਨੂੰ ਸਿੱਖ ਨਸਲਕੁਸ਼ੀ ਕਹਿਣ ਦੀ ਅਪੀਲ ਕੀਤੀ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅਮਰੀਕਾ ਸਥਿਤ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਅਤੇ ਇਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਦੇ ਯਤਨਾਂ ਸਦਕਾ ਨਵੰਬਰ 1984 ਵਿਚ ਸਿੱਖ ਨਸਲਕੁਸ਼ੀ ਬਾਰੇ ਸਹੀ ਅੰਕੜੇ ਤੇ ਤੱਥ ਜੱਗ ਜ਼ਾਹਿਰ ਹੋਏ ਹਨ। ਸਿੱਖਜ਼ ਫ਼ਾਰ ਜਸਟਿਸ ਦੀ ਬਦੌਲਤ ਹੀ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਮੰਨਣ ਲਈ ਕੈਨੇਡਾ ਦੀ ਸੰਸਦ ਵਿਚ ਪਟੀਸ਼ਨ ਪੇਸ਼ ਕੀਤੀ ਜਾ ਚੁੱਕੀ ਹੈ ਜੋ ਕਿ ਇਕ ਅਹਿਮ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਸਿੱਖਜ਼ ਫ਼ਾਰ ਜਸਟਿਸ ਅਕਾਲ ਤਖ਼ਤ ਤੋਂ ਮਾਨਤਾ ਪ੍ਰਾਪਤ ਸੰਸਥਾ ਹੈ। ਉਨ੍ਹਾਂ ਸਿੱਖਜ਼ ਫ਼ਾਰ ਜਸਟਿਸ ਨੂੰ ਹਦਾਇਤ ਕੀਤੀ ਕਿ ਜਿਸ ਤਰ੍ਹਾਂ ਸਿੱਖ ਨਸਲਕੁਸ਼ੀ ਬਾਰੇ ਅੰਕੜੇ ਸੰਸਾਰ ਸਾਹਮਣੇ ਲਿਆਂਦੇ ਹਨ, ਉਸੇ ਤਰ੍ਹਾਂ ਜੂਨ 1984 ਤੋਂ 1997 ਤਕ ਹੋਏ ਸਿੱਖਾਂ ਦੇ ਘਾਣ ਬਾਰੇ ਵੀ ਸਹੀ ਅੰਕੜੇ ਦੁਨੀਆਂ ਦੇ ਸਾਹਮਣੇ ਪੇਸ਼ ਕਰਨ।

ਕਸ਼ਮੀਰ ਦੇ ਸ਼ਹਿਰ ਚਿੱਟੀਸਿੰਘਪੁਰਾ ਵਿਖੇ 20 ਮਾਰਚ 2000 ਨੂੰ ਹੋਏ ਸਿੱਖ ਕਤਲੇਆਮ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਹ ਬੇਹਦ ਦੁਖਦਾਈ ਗੱਲ ਹੈ ਕਿ ਭਾਰਤ ਵਿਚ ਜੇ ਕਿਸੇ ਨਾਗਰਿਕ ਨਾਲ ਅਜਿਹਾ ਵਰਤਾਰਾ ਹੁੰਦਾ ਹੈ ਤਾਂ ਦੋਸ਼ੀਆਂ ਦੀ ਭਾਲ ਲਈ ਸਰਕਾਰਾਂ ਦਿਨ ਰਾਤ ਇਕ ਕਰ ਦਿੰਦੀਆਂ ਹਨ, ਪਰ ਸਿੱਖਾਂ ਦੇ ਮਾਮਲੇ ਵਿਚ ਅਜਿਹਾ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਬਣਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਅਮਰੀਕਾ ਦੇ ਰੋਚੈਸਟਰ ਵਿਖੇ ਉਥੋਂ ਦੇ ਪ੍ਰਬੰਧਕਾਂ ਵਲੋਂ ਅੰਮ੍ਰਿਤਧਾਰੀ ਸਿੱਖਾਂ ਦੇ ਦਾਖ਼ਲੇ 'ਤੇ ਲਾਈ ਪਾਬੰਦੀ ਵਿਰੁਧ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਮੁੱਖ ਸੇਵਾਦਾਰ ਨੇ ਕਿਹਾ ਕਿ ਇਸ ਮਾਮਲੇ ਦੀ ਘੋਖ ਵਾਸਤੇ 5 ਮੈਂਬਰ ਕਮੇਟੀ ਬਣਾਈ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਮੇਟੀ ਸਥਾਨਕ ਸਿੱਖਾਂ ਦੀ ਹੀ ਹੋਵੇਗੀ। ਇਸ ਕਮੇਟੀ ਦੀ ਰੀਪੋਰਟ ਆਉਣ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਮੋਬਾਈਲ ਕੰਪਨੀਆਂ ਵਲੋਂ ਕਾਲਰ ਟੋਨ ਵਰਤਣ ਸਮੇਂ 'ਸ਼ਬਦ' ਨੂੰ 'ਗੀਤ' ਕਹਿਣ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਮੋਬਾਈਲ ਕੰਪਨੀਆਂ ਨੂੰ ਹਦਾਇਤ ਕੀਤੀ ਕਿ ਗੁਰਬਾਣੀ ਦੇ ਅਦਬ ਸਤਿਕਾਰ ਨੂੰ ਕਾਇਮ ਰੱਖਦਿਆਂ ਇਹ ਕੰਪਨੀਆਂ ਸ਼ਬਦ ਨੂੰ ਗੀਤ ਕਹਿਣ ਤੋਂ ਗੁਰੇਜ਼ ਕਰਨ, ਨਹੀਂ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਚੋਣ ਕਮਿਸ਼ਨ ਵਲੋਂ ਛਪਵਾਏ ਵੋਟਰ ਫ਼ਾਰਮਾਂ 'ਤੇ ਉਠ ਰਹੇ ਕਿੰਤੂ ਬਾਰੇ ਪੁੱਛਣ 'ਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਨੋਟਿਸ ਵਿਚ ਲਿਆਂਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਇਸ ਬਾਰੇ ਅਗਲੇਰੀ ਕਰਵਾਈ ਕਰਨਗੇ। ਜ਼ਿਕਰਯੋਗ ਹੈ ਕਿ ਅੱਜ ਮੁੱਖ ਸੇਵਾਦਾਰਾਂ ਦੀ ਮੀਟਿੰਗ ਦੌਰਾਨ ਹੀ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਦੇ ਪ੍ਰੈੱਸ ਸਕੱਤਰ ਨਰਿੰਦਰਪਾਲ ਸਿੰਘ, ਉਨ੍ਹਾਂ ਦਾ ਵਿਸ਼ੇਸ਼ ਪੱਤਰ ਲੈ ਕੇ ਪੁੱਜੇ ਸਨ ਤੇ ਉਨ੍ਹਾਂ ਇਹ ਪੱਤਰ ਮੁੱਖ ਸੇਵਾਦਾਰ ਦੇ ਨਿੱਜੀ ਸਹਾਇਕ ਨੂੰ ਸੌਂਪਿਆ ਸੀ, ਜਿਸ ਵਿਚ ਮੰਗ ਕੀਤੀ ਗਈ ਕਿ ਵੋਟਰ ਫ਼ਾਰਮ, ਸਿੱਖ ਰਹਿਤ ਮਰਿਆਦਾ, ਸਿੱਖ ਗੁਰਦਵਾਰਾ ਐਕਟ ਅਨੁਸਾਰ ਨਹੀਂ ਹਨ। ਮੀਟਿੰਗ 'ਚ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗੁਰਬਚਨ ਸਿੰਘ, ਕੇਸਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਤਰਲੋਚਨ ਸਿੰਘ, ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਇਕਬਾਲ ਸਿੰਘ, ਦਰਬਾਰ ਸਾਹਿਬ ਦੇ ਗ੍ਰੰਥੀ ਰਵੇਲ ਸਿੰਘ ਤੇ ਮਾਨ ਸਿੰਘ ਹਾਜ਼ਰ ਸਨ। ਸਿੰਘ ਸਾਹਿਬ ਬਲਵੰਤ ਸਿੰਘ ਨੰਦਗੜ੍ਹ ਦੀ ਗ਼ੈਰ ਹਾਜ਼ਰੀ ਬਾਰੇ ਪੁੱਛੇ ਜਾਣ 'ਤੇ ਮੁੱਖ ਸੇਵਾਦਾਰ ਨੇ ਸਪੱਸ਼ਟ ਕੀਤਾ ਕਿ ਸਿਹਤ ਠੀਕ ਨਾ ਹੋਣ ਕਾਰਨ ਉਹ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ, ਜਦਕਿ ਗਿਆਨੀ ਜੋਤਇੰਦਰ ਸਿੰਘ ਵੀ ਮੀਟਿੰਗ ਵਿਚ ਨਹੀਂ ਪੁੱਜੇ।

**ਜਾਦੂ ਟੂਣੇ ਕਰਨ ਵਾਲੇ ਤਾਂਤਰਿਕ ਬਾਬਿਆਂ ਤੋਂ ਬਚੋ। ਇਹ ਬਾਬੇ ਨਹੀਂ, ਇਹ ਹੱਟੇ ਕੱਟੇ ਚਾਲੀ ਪੰਤਾਲੀ ਸਾਲਾਂ ਦੇ ਅਧੇੜ ਉਮਰ ਦੇ ਬੰਦੇ ਹਨ।**

## ਅਕਾਲੀ ਦਲ 1920 ਨੇ ਸ਼੍ਰੋਮਣੀ ਕਮੇਟੀ ਦੀ ਲੰਗਰ ਦੁਰਵਰਤੋਂ ਬਾਰੇ ਸਿੰਘ ਸਾਹਿਬਾਨਾਂ ਨੂੰ ਕੀਤੀ ਸ਼ਿਕਾਇਤ

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ 1920 ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ ਰਘਬੀਰ ਸਿੰਘ ਨੇ ਸਿੰਘ ਸਾਹਿਬ ਨੂੰ ਦੱਸਿਆ ਕਿ ਹੁਣ ਤਾਂ ਸ਼੍ਰੋਮਣੀ ਕਮੇਟੀ 'ਚੋਂ ਲੰਗਰ ਨਿੱਜੀ ਸਮਾਗਮਾਂ ਵਿਚ ਵੀ ਪਰੋਸਿਆ ਜਾ ਰਿਹਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਚੱਲ ਰਿਹਾ ਇਕ ਹਸਪਤਾਲ ਗਹਿਣੇ ਪਾ ਦਿੱਤਾ ਹੈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਅਕਾਲੀ ਦਲ 1920 ਦੇ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਹ ਨਿੱਜੀ ਸਮਾਗਮਾਂ 'ਚ ਗੁਰੂ ਘਰ ਦਾ ਲੰਗਰ ਵਰਤਣ ਦੇਣ ਦੀ ਆਗਿਆ ਨਹੀਂ ਦੇਣਗੇ। ਉਨ੍ਹਾਂ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਪ੍ਰਾਪਤ ਹੋਏ ਮੰਗ ਪੱਤਰ ਦੀ ਉਹ ਜਾਂਚ ਕਰਵਾਉਣਗੇ ਅਤੇ ਗੁਰਮਰਿਆਦਾ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸਪੱਸ਼ਟ ਆਦੇਸ਼ ਵੀ ਜਾਰੀ ਕਰਨਗੇ। ਇਸ ਮੌਕੇ ਰਘਬੀਰ ਸਿੰਘ ਰਾਜਾਸਾਂਸੀ ਤੋਂ ਇਲਾਵਾ ਦਰਸ਼ਨ ਸਿੰਘ ਈਸਾਪੁਰ ਤੋਂ ਇਲਾਵਾ ਉਨ੍ਹਾਂ ਦੇ ਨਾਲ ਬਲਵਿੰਦਰ ਸਿੰਘ ਪੁਤਲੀਘਰ, ਦਲਜੀਤ ਸਿੰਘ ਸੰਧੂ ਆਦਿ ਨਾਲ ਸਨ।


ਦੁਨੀਆਂ ਭਰ ਵਿੱਚ ਕਿਤੇ ਵੀ ਜਾਣ ਲਈ ਸਸਤੀਆਂ ਟਿਕਟਾਂ ਲੈਣ ਲਈ ਹਮੇਸ਼ਾਂ ਯਾਦ ਰੱਖੋ

ਜਿਲੀਘਮ ਟਰੈਵਲਜ਼ ਲਿ:

GILLINGHAM TRAVELS LTD

WORLDWIDE TRAVEL AGENTS

FLY ONE OF THE ASIA'S FINEST AIRLINES, AIR INDIA TO THE GOLDEN CITY OF AMRITSAR, DAILY, DIRECT

ਲੰਡਨ ਤੇ ਬ੍ਰਮਿੰਘਮ ਤੋਂ ਅੰਮ੍ਰਿਤਸਰ ਜਾਂ ਦਿੱਲੀ ਲਈ ਸਪੈਸ਼ਲ ਕਿਰਾਇਆ

London-B'ham to Amritsar or Delhi



ਅਸੀਂ ਇੰਡੀਆ ਲਈ ਵਿਜ਼ਿਆਂ ਦਾ ਪ੍ਰਬੰਧ ਵੀ ਕਰਦੇ ਹਾਂ

ਲੋੜ ਪੈਣ ਤੇ ਖੜ੍ਹੇ ਪੈਰ ਟਿਕਟ ਲੈਣ ਲਈ ਹਮੇਸ਼ਾਂ ਸਾਨੂੰ ਯਾਦ ਰੱਖੋ।

ਦਿੱਲੀ ਹਵਾਈ ਅੱਡੇ ਤੋਂ ਪੰਜਾਬ ਦੇ ਆਰਾਮਦੇਹ ਸਫਰ ਲਈ ਸ਼ਤਾਬਦੀ ਟਰੇਨ ਦੀਆਂ ਟਿਕਟਾਂ ਵੀ ਸਾਥੋਂ ਮਿਲ ਸਕਦੀਆਂ ਹਨ !!

ਦੁਨੀਆ ਭਰ ਦੇ ਕਿਸੇ ਵੀ ਦੇਸ਼ ਦੇ ਸਫਰ ਲਈ ਹਰੇਕ ਏਅਰ ਲਾਈਨ ਦੀਆਂ ਸਸਤੀਆਂ ਹਵਾਈ ਟਿਕਟਾਂ ਮਿ: ਰਾਜ ਪਾਸੋਂ ਲਓ!

CHARTED FLIGHTS TO CANADA & GOA

LAST MINUTE BOOKINGS 07886 488 820

GILLINGHAM TRAVEL LTD.

TEL: 01634 352 863/300888

239 CANTERBURY ST., GILLINGHAM, KENT, ME7 5XE

E-mail: flights@gillinghamtravel.com FAX : 01634 573251



ਮੁੰਡੇ ਕੁੜੀਆਂ ਦੇ ਰਿਸ਼ਤੇ ਦੱਸਣ ਵਾਲੀ ਯੂ ਕੇ ਵਿਚ ਸਭ ਤੋਂ ਵੱਧ ਭਰੋਸੇਮੰਦ ਮੈਰਿਜ ਬਿਊਰੋ



COVENTRY MARRIAGE BUREAU

FREE Membership

for u.k. residents & Students only Genuine applicants Please

7 ਸਾਲ ਤੋਂ ਆਪ ਦੀ ਸੇਵਾ ਵਿਚ 100% ਸਹੀ ਅਤੇ ਗੁਪਤ ਸੇਵਾ ਵਾਸਤੇ ਸੀ ਐਮ ਬੀ ਨੂੰ ਚੇਤੇ ਰੱਖੋ।

ਅਪਲਾਈ ਕਰਨਾ ਤੁਹਾਡਾ ਕੰਮ, ਰਿਸ਼ਤੇ ਦੱਸਣਾ ਸਾਡਾ ਕੰਮ

ਜੀਵਨ ਸਾਥੀ ਲੱਭਣ ਲਈ ਹੇਠ ਲਿਖੇ ਨੰਬਰ ਉੱਪਰ ਸੰਪਰਕ ਕਰੋ:

COVENTRY MARRIAGE BUREAU

Tel: 0791 401 4009 Email:cmbuk@hotmail.co.uk